# ਧਰਮ – ਧੱਕਾ ਜਾਂ ਪ੍ਰੇਮ

ਧਰਮ ਪ੍ਰੇਮ ਦਾ ਮਾਰਗ ਹੈ, ਧੱਕੇ ਨਾਲ ਧਰਮ ਨਹੀ ਕਮਾਇਆ ਜਾ ਸਕਦਾ ।

ਪ੍ਰੇਮ ਵਿਚੋਂ ਹਮਦਰਦੀ ਤੇ ਉਪਕਾਰ ਜਨਮ ਲੈਂਦਾ ਹੈ ।

ਧੱਕੇ ਵਿਚੋਂ ਨਫ਼ਰਤ ਤੇ ਜ਼ੁਲਮ ਉਪਜਦੇ ਹਨ ।

(ਕਬੀਰ ਜੋਰੁ ਕੀਆ ਸੋ ਜੁਲਮੁ ਹੈ 1375) ਨਫਰਤ ਤੇ ਜ਼ੁਲਮ ਕਰਨ ਵਾਲਾ ਕਦੇ ਵੀ ਕਿਸੇ ਸੂਰਤ ਵਿੱਚ ਧਰਮੀ ਨਹੀ ਹੋ ਸਕਦਾ ।

ਸ੍ਰੀ ਗੁਰੂ ਅਰਜਨ ਸਾਹਿਬ ਜੀ ਆਖ ਰਹੇ ਹਨ, (ਪੰਥਾ ਪ੍ਰੇਮ ਨ ਜਾਣਈ ਭੂਲੀ ਫਿਰੈ ਗਵਾਰਿ ॥ 1426) ਗਾਵਾਰ ਕੁਰਾਹੇ ਪਿਆ ਹੋਇਆ ਹੈ । (ਦੂਜੀ ਛੋਡਿ ਕੁਵਾਟੜੀ 1426) ਵਾਲੇ ਹੁਕਮ ਵਲ ਕੰਨ ਨਹੀ ਧਰਦਾ ।

ਬੱਧਾ ਚੱਟੀ ਵਾਲਾ ਧਰਮੀ, ਗੁਣ ਤੇ ਉਪਕਾਰ ਤੋਂ ਸਖਣਾ ਹੁੰਦਾ ਹੈ । (ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ 787) ਨੇਕੀ ਤੇ ਗੁਣਕਾਰੀ ਰਸਤੇ ਤੋਂ ਭਟੱਕ ਕੇ (ਗੁਣ ਵਿਹੂਣ ਮਾਇਆ ਮਲੁ ਧਾਰੀ 367) ਨਿਰਮਲ ਹੋਣ ਦੀ ਥਾਂ ਮੈਲਾ ਕੁਚੈਲਾ ਗਲੀਜ਼ ਬਣ ਗਿਆ ।

ਹੁਣ ਕਦਮ ਚੰਗੇ ਪਾਸੇ ਨਹੀ ਚਲਦੇ ਪਰ ਬੁਰਾਈ ਵਲ ਸ਼ੇਰ ਨਿਆਈਂ ਹੈ (ਚੰਗਿਆਈਂ ਆਲਕੁ ਕਰੇ ਬੁਰਿਆਈਂ ਹੋਇ ਸੇਰੁ 518) ਚੰਗਿਆਈਆਂ ਤੇ ਬੁਰਿਆਈਆਂ ਵਾਚਣ ਵਾਲੇ ਸਚ ਧਰਮ ਨੇ ਜਦੋਂ ਪਰਖਿਆ ਤਾਂ ਗੁਰੂ ਜੀ ਤੇ ਰਬ ਜੀ ਦੀ ਨੇੜਤਾ ਹੋਣ ਦੀ ਬਜਾਏ ਦੂਰੀ ਨਜ਼ਰੀਂ ਪਈ । ਧਰਮ ਨੂੰ ਧੱਕੇ ਨਾਲ ਅਗੇ ਤੋਰਨ ਵਾਲਾ ਅੱਜ ਜਾਣੇ ਅਨਜਾਣੇ ਅਪਣੇ ਹੀ ਇਸ਼ਟ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ) ਦਾ ਵਿਰੋਧੀ ਬਣ ਖਲੋਤਾ ਹੈ ।

31 ਜੁਲਾਈ 2016
ਗਿਆਨੀ ਕੁਲਦੀਪ ਸਿੰਘ
ਵਰਜੀਨੀਆ, ਯੂ.ਐਸ.ਏ.